## ਪੰਜਾਬੀ-004

## Class-X (ਦਸਵੀਂ)

# ਨਮੂਨੇ ਦਾ ਪ੍ਰਸ਼ਨ-ਪੱਤਰ

## ਸੈਸ਼ਨ 2023-2024

**Time Allowed: 03 Hours** **Maximum Marks: 80**

**ਸਮਾਂ: 03 ਘੰਟੇ** **ਕੁੱਲ ਅੰਕ: 80**

## ਆਮ ਨਿਰਦੇਸ਼

**ਪ੍ਰਸ਼ਨ-ਪੱਤਰ ਹੱਲ ਕਰਨ ਤੋਂ ਪਹਿਲਾਂ, ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

- ❖ ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ਼ ਵੇਖ ਕੇ ਹੱਲ ਕੀਤਾ ਜਾਵੇ।
- ❖ ਬਹੁ-ਵਿਕਲਪੀ ਉੱਤਰਾਂ ਵਾਲ਼ੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ/ਚਿੰਨ੍ਹ ਦੇ ਨਾਲ਼-ਨਾਲ਼ ਉੱਤਰ ਵੀ ਲਿਖਿਆ ਜਾਵੇ।
- ❖ ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸ਼ੀਟ 'ਤੇ ਲਿਖਿਆ/ਦਰਜ ਕੀਤਾ ਜਾਵੇ।
- ❖ ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 16 ਪ੍ਰਸ਼ਨ ਹਨ ਤੇ ਇਸ ਦੇ ਚਾਰ ਭਾਗ ਹਨ: ਭਾਗ-I ਪੜ੍ਹਨ-ਕੌਸ਼ਲ, ਭਾਗ- II ਵਿਆਕਰਨ, ਭਾਗ-III ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ ਭਾਗ-IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ
- ❖ **ਭਾਗ-I**: ਪੜ੍ਹਨ-ਕੌਸ਼ਲ ਵਿੱਚ ਕੁੱਲ 2 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
- ❖ **ਭਾਗ- II**: ਵਿਆਕਰਨ ਵਿੱਚ ਕੁੱਲ 5 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
- ❖ **ਭਾਗ-III**: ਪ੍ਰਭਾਵਸ਼ਾਲੀ ਲਿਖਣ ਕੌਸ਼ਲ ਵਿੱਚ ਕੁੱਲ 3 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
- ❖ **ਭਾਗ-IV**: ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨਾਂ ਵਿੱਚ ਕੁੱਲ 6 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।

## ਭਾਗ-I. ਪੜ੍ਹਨ ਕੌਸ਼ਲ (Part-I Reading Skill) 10

**ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ/ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ:**

**6x1=6**

1. 15 ਅਗਸਤ 1947 ਈਸਵੀ ਨੂੰ ਸਾਡਾ ਦੇਸ ਅਜ਼ਾਦ ਹੋਇਆ, ਇਸ ਅਜ਼ਾਦੀ ਲਈ ਵੰਡ ਹੋਣ ਕਾਰਨ ਜਿੱਥੇ ਦੋ ਮੁਲਕ ਬਣੇ ਉੱਥੇ ਨਾਲ਼ ਹੀ ਬਹੁਤ ਸਾਰੇ ਗੁੰਝਲਦਾਰ ਮੁੱਦੇ ਤੇ ਸਮੱਸਿਆਵਾਂ ਵੀ ਪੈਦਾ ਹੋਈਆਂ; ਜਿਵੇਂ ਕਿ ਸ਼ਰਨਾਰਥੀਆਂ ਦੀ ਸਮੱਸਿਆ, ਜ਼ਮੀਨੀ ਵਿਵਾਦ, ਦੰਗੇ, ਜਾਇਦਾਦਾਂ ਦੀ ਮਲਕੀਅਤ ਦਾ ਮਸਲਾ, ਇਤਿਹਾਸਕ ਅਤੇ ਪੁਰਾਤੱਤਵ ਕਲਾਵਾਂ ਦੇ ਬਟਵਾਰੇ ਆਦਿ। ਇਹਨਾਂ ਤੋਂ ਇਲਾਵਾ ਇੱਕ ਹੋਰ ਵੱਡਾ ਮਸਲਾ ਸੀ ਜਿਸ ਦਾ 1960 ਈਸਵੀ ਤੱਕ ਫ਼ੈਸਲਾ ਨਾ ਹੋ ਸਕਿਆ। ਇਹ ਸੀ ਪਾਣੀ ਦੀ ਵੰਡ ਦਾ ਮੁੱਦਾ, ਜੋ ਭਾਵੇਂ ਬਹੁਤ ਗੰਭੀਰ ਮੁੱਦਾ ਸੀ ਪਰ ਇਸ ਦਾ ਫ਼ੈਸਲਾ ਬਹੁਤ ਬਾਅਦ ਵਿੱਚ ਕੀਤਾ ਗਿਆ। 1960 ਈਸਵੀ ਵਿੱਚ ਸਿੰਧੂ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਪਾਣੀ ਨੂੰ ਸਾਂਝਾ ਵਰਤਣ ਲਈ ਭਾਰਤ ਅਤੇ ਪਾਕਿਸਤਾਨ ਦੁਆਰਾ ਇੱਕ ਸਮਝੌਤੇ 'ਤੇ ਦਸਖ਼ਤ ਕੀਤੇ ਗਏ, ਇਸ ਸਮਝੌਤੇ ਨੂੰ 'ਸਿੰਧੂ ਜਲ ਸੰਧੀ' ਦਾ ਨਾਂ ਦਿੱਤਾ ਗਿਆ। ਇਹ ਸੰਧੀ ਭਾਰਤ ਅਤੇ ਪਾਕਿਸਤਾਨ ਦਰਮਿਆਨ ਹੋਈਆਂ ਤਿੰਨ ਜੰਗਾਂ ਦੇ ਬਾਵਜੂਦ ਵੀ ਕਾਇਮ ਹੈ। ਭਾਰਤ ਵਿੱਚ ਤਿੰਨ ਮੁੱਖ ਨਦੀ ਜਲ ਪ੍ਰਨਾਲ਼ੀਆਂ ਹਨ; ਜਿਵੇਂ ਕਿ ਗੰਗਾ ਨਦੀ ਪ੍ਰਨਾਲ਼ੀ, ਬ੍ਰਹਮਪੁੱਤਰ ਨਦੀ ਪ੍ਰਨਾਲ਼ੀ ਅਤੇ ਸਿੰਧੂ ਨਦੀ ਪ੍ਰਨਾਲ਼ੀ। ਗੰਗਾ ਨਦੀ ਪ੍ਰਨਾਲ਼ੀ ਭਾਰਤੀ ਅਤੇ ਨੇਪਾਲੀ ਖੇਤਰਾਂ ਤੱਕ ਸੀਮਤ ਹੈ; ਬ੍ਰਹਮਪੁੱਤਰ ਨਦੀ ਪ੍ਰਨਾਲ਼ੀ ਤਿੱਬਤ ਖੇਤਰ ਤੋਂ ਆਪਣਾ ਪਾਣੀ ਲੈ ਰਹੀ ਹੈ। ਪਰ ਸਿੰਧੂ ਨਦੀ ਪ੍ਰਨਾਲ਼ੀ ਦਾ ਪ੍ਰਬੰਧਕੀ ਢਾਂਚਾ ਬਹੁਤ ਹੀ ਨਾਜ਼ੁਕਤਾ ਵਾਲ਼ਾ ਹੈ, ਕਿਉਂਕਿ ਇਹ ਨਦੀ ਪ੍ਰਨਾਲ਼ੀ ਭਾਰਤ ਦੇ ਨਾਲ਼-ਨਾਲ਼ ਪਾਕਿਸਤਾਨ ਨਾਲ਼ ਵੀ ਜੁੜੀ ਹੋਈ ਹੈ। ਇਸ ਦਾ ਪਿਛੋਕੜ ਇਹ ਹੈ ਕਿ ਵਿਸ਼ਵ ਬੈਂਕ ਦੀ ਮਦਦ ਨਾਲ਼ ਭਾਰਤ ਅਤੇ ਪਾਕਿਸਤਾਨ ਦਰਮਿਆਨ ਨੌਂ ਸਾਲਾਂ ਦੀ ਗੱਲਬਾਤ ਤੋਂ ਬਾਅਦ ਸਤੰਬਰ, 1960 ਨੂੰ ਸਿੰਧੂ ਜਲ ਸੰਧੀ 'ਤੇ ਦਸਖ਼ਤ ਕੀਤੇ ਗਏ, ਜੋ ਕਿ ਇੱਕ ਹਸਤਾਖ਼ਰਕਰਤਾ ਵੀ ਹੈ। ਇਸ ਸੰਧੀ ਨੂੰ ਵਿਸ਼ਵ ਇਤਿਹਾਸ ਵਿੱਚ ਸਭ ਤੋਂ ਸਫ਼ਲ ਅੰਤਰ-ਰਾਸ਼ਟਰੀ ਸੰਧੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ, ਇਸ ਨੇ ਲਗਾਤਾਰ ਤਣਾਅ ਤੇ ਯੁੱਧਾਂ ਤੋਂ ਬਚਾਅ ਦੇ ਨਾਲ਼-ਨਾਲ਼ ਅੱਧੀ ਸਦੀ ਤੋਂ ਵੱਧ ਸਮੇਂ ਲਈ ਸਿੰਚਾਈ ਅਤੇ ਪਣ-ਬਿਜਲੀ ਦੇ ਵਿਕਾਸ ਲਈ ਇੱਕ ਮਜ਼ਬੂਤ ਢਾਂਚਾ ਪ੍ਰਦਾਨ ਕੀਤਾ ਹੈ। ਇਹ ਸੰਧੀ, ਪੱਛਮੀ ਨਦੀਆਂ ਜਿਵੇਂ ਸਿੰਧੂ, ਜੇਹਲਮ, ਚਨਾਬ ਪਾਕਿਸਤਾਨ ਨੂੰ ਅਤੇ ਪੂਰਬੀ ਨਦੀਆਂ ਜਿਵੇਂ ਰਾਵੀ, ਬਿਆਸ, ਸਤਲੁਜ ਭਾਰਤ ਨੂੰ ਵੰਡਦੀ ਹੈ। ਇਸ ਦੇ ਨਾਲ ਹੀ, ਸੰਧੀ ਹਰੇਕ ਦੇਸ ਨੂੰ ਦਰਿਆਵਾਂ ਦੀ ਨਿਰਧਾਰਤ ਵਰਤੋਂ ਦੀ ਆਗਿਆ ਦਿੰਦੀ ਹੈ।

(i) ਕਿਹੜੇ ਮਸਲੇ ਦਾ 1960 ਈਸਵੀ ਤੱਕ ਫ਼ੈਸਲਾ ਹੀ ਨਾ ਹੋ ਸਕਿਆ ?

(A) ਪਾਣੀ ਦੀ ਵੰਡ

(B) ਸ਼ਰਨਾਰਥੀਆਂ ਦੀ ਵੰਡ

(C) ਦੇਸ ਦੀ ਵੰਡ

(D) ਸੜਕਾਂ ਦੀ ਵੰਡ

(ii) ਪਾਣੀ ਨੂੰ ਸਾਂਝਾ ਵਰਤਣ ਲਈ ਭਾਰਤ ਅਤੇ ਪਾਕਿਸਤਾਨ ਦੁਆਰਾ 1960 ਈਸਵੀ ਵਿੱਚ ਜਿਸ ਸਮਝੌਤੇ 'ਤੇ ਦਸਖ਼ਤ ਕੀਤੇ ਗਏ, ਉਸ ਸਮਝੌਤੇ ਨੂੰ ਕੀ ਨਾਂ ਦਿੱਤਾ ਗਿਆ ?

(A) ਬ੍ਰਹਮਪੁੱਤਰ ਨਦੀ ਪ੍ਰਨਾਲ਼ੀ ਸੰਧੀ

(B) ਗੰਗਾ ਨਦੀ ਪ੍ਰਨਾਲ਼ੀ ਸੰਧੀ

(C) ਸਿੰਧੂ ਜਲ ਸੰਧੀ

(D) ਇਤਿਹਾਸਕ ਅਤੇ ਪੁਰਾਤੱਤਵ ਕਲਾਵਾਂ ਸੰਧੀ

(iii) ਗੰਗਾ ਨਦੀ ਪ੍ਰਨਾਲ਼ੀ ਕਿਹੜੇ ਖੇਤਰਾਂ ਤੱਕ ਸੀਮਤ ਹੈ ?

(A) ਚਨਾਬ ਖੇਤਰ

(B) ਬਿਆਸ ਖੇਤਰ

(C) ਤਿੱਬਤ ਖੇਤਰ

(D) ਭਾਰਤੀ ਅਤੇ ਨੇਪਾਲੀ ਖੇਤਰ

(iv) ਭਾਰਤ ਅਤੇ ਪਾਕਿਸਤਾਨ ਦਰਮਿਆਨ ਕਿੰਨੇ ਸਾਲਾਂ ਦੀ ਗੱਲਬਾਤ ਤੋਂ ਬਾਅਦ ਸਿੰਧੂ ਜਲ ਸੰਧੀ 'ਤੇ ਦਸਖ਼ਤ ਕੀਤੇ ਗਏ ?

(A) ਨੌਂ

(B) ਦਸ

(C) ਗਿਆਰਾਂ

(D) ਬਾਰਾਂ

(v) ਕਿਹੜੀ ਸੰਧੀ ਨੂੰ ਵਿਸ਼ਵ ਇਤਿਹਾਸ ਵਿੱਚ ਸਭ ਤੋਂ ਸਫ਼ਲ ਅੰਤਰ-ਰਾਸ਼ਟਰੀ ਸੰਧੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ?

(A) ਇਤਿਹਾਸਕ ਅਤੇ ਪੁਰਾਤੱਤਵ ਕਲਾਵਾਂ ਸੰਧੀ

(B) ਸਿੰਧੂ ਜਲ ਸੰਧੀ

(C) ਜ਼ਮੀਨੀ ਵਿਵਾਦ ਸੰਧੀ

(D) ਜਾਇਦਾਦਾਂ ਦੀ ਮਲਕੀਅਤ ਦੀ ਸੰਧੀ

(vi) ਭਾਰਤ ਵਿੱਚ ਮੁੱਖ ਤੌਰ 'ਤੇ ਕਿੰਨੀਆਂ ਨਦੀ ਜਲ ਪ੍ਰਨਾਲ਼ੀਆਂ ਹਨ ?

(A) 3

(B) 1960

(C) 1947

(D) 6

2. ਇਹ ਬੇਪਰਵਾਹ ਪੰਜਾਬ ਦੇ,
ਮੌਤ ਨੂੰ ਮਖੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ ।
ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ । **4X1=4**

(i) ਪੰਜਾਬ ਦੇ ਜਵਾਨਾਂ ਦੀ ਕਿਹੜੀ ਬੇਪਰਵਾਹੀ ਦੱਸੀ ਗਈ ਹੈ ?

(ii) ਪੰਜਾਬ ਦੇ ਜਵਾਨਾਂ ਨੂੰ ਵੱਸ ਵਿੱਚ ਕਰਨ ਦਾ ਕਿਹੜਾ ਗੁਰ ਦੱਸਿਆ ਗਿਆ ਹੈ ?

(iii) "ਪਰ ਟੈਂ ਨਾ ਮੰਨਣ ਕਿਸੇ ਦੀ" ਤੁਕ ਤੋਂ ਪੰਜਾਬੀਆਂ ਦੇ ਕਿਹੜੇ ਸੁਭਾਅ ਦਾ ਪਤਾ ਲੱਗਦਾ ਹੈ?

(iv) 'ਖਲੋ ਜਾਣ' ਤੋਂ ਕੀ ਭਾਵ ਹੈ?

## ਭਾਗ-II ਵਿਆਕਰਨ (Part-II Grammar) 12

3. **ਸਮਾਸੀ ਸ਼ਬਦ: (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)** **2X1=2**

(i) ਹੇਠਾਂ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ:

(A) ਜਵਾਈ-ਘਰ
(B) ਦੌੜ-ਘਰ
(C) ਧੋਤਾ-ਦੁੱਧ
(D) ਸੇਵਾ-ਮੁਕਤ

(ii) ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ ਭਿੰਨ-ਭਿੰਨ ਅਰਥਾਂ ਵਾਲ਼ਾ ਇੱਕ ਸਮਾਸੀ ਸ਼ਬਦ ਹੈ :

(A) ਉੱਚੀ-ਉੱਚੀ
(B) ਸੋਨਾ-ਚਾਂਦੀ
(C) ਪਾਣੀ-ਧਾਣੀ
(D) ਕੱਪੜਾ-ਲੀੜਾ

(iii) 'ਧਰਮ-ਕਰਮ' ਸਮਾਸੀ-ਸ਼ਬਦ ਲਈ ਠੀਕ ਸ਼ਬਦ-ਸਮੂਹ ਚੁਣੋ-

(A) ਧਰਮ ਅਤੇ ਕਰਮ
(B) ਧਰਮ ਦੇ ਕਰਮ
(C) ਧਰਮ ਲਈ ਕਰਮ
(D) ਧਰਮ ਹੀ ਕਰਮ

## 4. ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) **2X1=2**

(i) ਕਿਹੜਾ ਸ਼ਬਦ 'ਡੰਡੀ' ਸ਼ਬਦ ਦਾ ਬਹੁ-ਅਰਥਕ ਸ਼ਬਦ ਨਹੀ ਹੈ ?

(A) ਡੰਗ

(B) ਟਹਿਣੀ

(C) ਪੂਰਨ ਵਿਰਾਮ

(D) ਕੱਚਾ ਰਸਤਾ

(ii) ਜੋ ਸ਼ਬਦ ਇੱਕ ਤੋਂ ਜ਼ਿਆਦਾ ਅਰਥ ਰੱਖਦਾ ਹੈ, ਉਸ ਨੂੰ ਕੀ ਕਹਿੰਦੇ ਹਨ ?

(A) ਨਾਂਵ ਸ਼ਬਦ

(B) ਅਗੇਤਰ

(C) ਪਿਛੇਤਰ

(D) ਬਹੁ-ਅਰਥਕ ਸ਼ਬਦ

(iii) 'ਸਰ' ਦਾ ਇੱਕ ਅਰਥ ਹੈ 'ਫ਼ਤਿਹ ਕਰਨਾ' ਦੂਜਾ ਅਰਥ ਹੈ :

(A) ਸਰੀਰ ਦਾ ਹੇਠਲਾ ਹਿੱਸਾ

(B) ਕੰਮ ਹੋਣਾ

(C) ਕੰਮ ਕਰਨਾ

(D) ਸ਼ਾਬਾਸ਼

## 5. ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) **2X1=2**

(i) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(A) ਇੱਕ, ਦੋ, ਤਿੰਨ

(B) ਅੱਜ, ਕੱਲ੍ਹ, ਪਰਸੋਂ

(C) ਅੰਦਰ, ਖੱਬੇ, ਬਾਹਰ

(D) ਹੌਲ਼ੀ, ਤੇਜ਼, ਘੱਟ

(ii) ਜੋ ਕਿਰਿਆ-ਵਿਸ਼ੇਸ਼ਣ ਕਿਰਿਆ ਦੇ ਕੰਮ ਹੋਣ ਦਾ ਸਮਾਂ ਦੱਸਣ ਉਹਨਾਂ ਨੂੰ ਕੀ ਕਿਹਾ ਜਾਂਦਾ ਹੈ ?

(A) ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ

(B) ਮਿਣਤੀ-ਵਾਚਕ ਕਿਰਿਆ-ਵਿਸ਼ੇਸ਼ਣ

(C) ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ

(D) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਦੀਪਕ ਸਵੇਰੇ ਦਿੱਲੀ ਜਾਵੇਗਾ।

(A) ਦੀਪਕ

(B) ਸਵੇਰੇ

(C) ਦਿੱਲੀ

(D) ਜਾਵੇਗਾ

6. **ਅਗੇਤਰ-ਪਿਛੇਤਰ:** **1+1=2**

**ਪੁੱਛੇ ਗਏ ਅਨੁਸਾਰ ਹੱਲ ਕਰੋ:**

(i) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਅਗੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਉਪ, ਅੰਤਰ

(ii) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਪਿਛੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਆਈ, ਸਾਰ

7. **ਮੁਹਾਵਰੇ:** ਹੇਠ ਲਿਖਿਆਂ ਵਿੱਚੋਂ ਕਿਸੇ **ਚਾਰ ਮੁਹਾਵਰਿਆਂ** ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ: **4X1=4**

(i) ਕਿਸਮਤ ਦਾ ਧਨੀ ਹੋਣਾ

(ii) ਖਾਣ ਨੂੰ ਪੈਣਾ

(iii) ਗੰਢ-ਤੁੱਪ ਕਰਨੀ

(iv) ਚਿਹਰਾ ਉਤਰ ਜਾਣਾ

(v) ਛਿੱਕੇ ਉੱਤੇ ਟੰਗਣਾ

(vi) ਜਾਨ ਮਾਰਨਾ

## ਭਾਗ-III. ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part III: Writing Skill) 8+6+4=18

8. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : 1X8=8

**(i) ਪੁਸਤਕਾਂ ਸਭ ਤੋਂ ਚੰਗਾ ਸਾਥੀ**

(ਜਾਣ-ਪਛਾਣ ..................... ਜੀਵਨ ਵਿੱਚ ਰਿਸ਼ਤਿਆਂ ਦਾ ਮਹੱਤਵ ..................... ਪੁਸਤਕਾਂ ਦਾ ਮਹੱਤਵ ..................... ਪੁਸਤਕ ਇੱਕ ਚੰਗਾ ਸਾਥੀ..................... ਪੁਸਤਕਾਂ ਦੀਆਂ ਕਿਸਮਾਂ ..................... ਪੁਸਤਕਾਂ ਦੀ ਚੋਣ ਵਿੱਚ ਸੁਚੇਤ ..................... ਸਿੱਟਾ .....................)

**(ii) ਦਿਨੋ-ਦਿਨ ਵੱਧ ਰਹੀ ਮੋਬਾਈਲ ਦੀ ਵਰਤੋਂ**

(ਜਾਣ-ਪਛਾਣ ................. ਮੋਬਾਈਲ ਦਾ ਹਰਮਨ-ਪਿਆਰਾ ਹੋਣਾ ................... ਵਿਦਿਆਰਥੀਆਂ ਵਿੱਚ ਮੋਬਾਈਲ ਦੀ ਵਰਤੋਂ ਦਾ ਜਨੂੰਨ ........................ ਤਕਨੀਕੀ ਕੰਪਨੀਆਂ ਦਾ ਯੋਗਦਾਨ ........................ ਮੋਬਾਈਲ ਦੀ ਸਹੀ ਵਰਤੋਂ.................. ਮੋਬਾਈਲ ਦੀ ਫ਼ਜ਼ੂਲ ਵਰਤੋਂ ਤੇ ਗੰਭੀਰ ਰੋਗਾਂ ਦਾ ਸ਼ਿਕਾਰ ਹੋਣਾ .................... ਸਮੇਂ ਤੇ ਧਨ ਦੀ ਬਰਬਾਦੀ .................... ਰਿਸ਼ਤਿਆਂ ਵਿੱਚ ਤਰੇੜਾਂ ................... ਬੱਚਿਆਂ 'ਤੇ ਬਹੁਤ ਬੁਰਾ ਪ੍ਰਭਾਵ ............. ਠੱਗੀਆਂ.................. ਸੁਝਾਅ .................... ਸਾਰੰਸ਼ .................... )

**(iii) ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ**

(ਭੂਮਿਕਾ .................... ਤੁਕ ਦਾ ਅਰਥ .................... ਇਸਤਰੀ ਦੀ ਮਹਾਨਤਾ ................... ਪਿਛੋਕੜ .................... ਗੁਰੂ ਸਾਹਿਬਾਨ ਦਾ ਯੋਗਦਾਨ ............ ਜਗਤ-ਜਣਨੀ ਦਾ ਖ਼ਿਤਾਬ .............. ਸ਼ਕਤੀ ਦੀ ਮੂਰਤ ................. ਸਾਰੰਸ਼ ..........)

9. ਤੁਹਾਡੇ ਸਕੂਲ ਵਿੱਚ ਪੀਣ ਵਾਲ਼ੇ ਪਾਣੀ ਦੀ ਬਹੁਤ ਸਮੱਸਿਆ ਹੈ, ਆਪਣੇ ਸਕੂਲ ਦੇ ਮੁਖੀ ਨੂੰ ਇਸ ਵਿੱਚ ਸੁਧਾਰ ਕਰਨ ਲਈ ਪੱਤਰ ਲਿਖੋ।


(ਪਾਣੀ ਲਈ ਕੇਵਲ ਦੋ ਕੂਲਰ ........... ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ................. ਅੱਧੀ ਛੁੱਟੀ ਸਮੇਂ ਹਾਲਤ ਬਹੁਤ ਖ਼ਰਾਬ ................... ਛੋਟੇ ਬੱਚਿਆਂ ਨੂੰ ਪਾਣੀ ਨਾ ਮਿਲਣਾ ............... ਹੋਰ ਜ਼ਿਆਦਾ ਕੂਲਰ ਤੇ ਟੈਂਕੀਆਂ ਦੀ ਜ਼ਰੂਰਤ ........................... ਟੂਟੀਆਂ ਦੀ ਗਿਣਤੀ ਵਿੱਚ ਵਾਧੇ ਦੀ ਜ਼ਰੂਰਤ ...................)

ਜਾਂ

ਤੁਹਾਡਾ ਮਿੱਤਰ/ਸਹੇਲੀ ਦਸਵੀਂ ਜਮਾਤ ਵਿੱਚੋਂ ਮੈਰਿਟ ਵਿੱਚ ਆਇਆ/ਆਈ ਹੈ, ਉਸ ਨੂੰ ਵਧਾਈ ਦਿੰਦੇ ਹੋਏ ਪੱਤਰ ਲਿਖੋ ।

(ਬੋਰਡ ਵੱਲੋਂ ਨਤੀਜੇ ਦਾ ਐਲਾਨ .................... ਅਖ਼ਬਾਰ ਵਿੱਚ ਤਸਵੀਰ ਵੇਖਣਾ .................... ਜ਼ਿਲ੍ਹੇ ਵਿੱਚੋਂ ਪਹਿਲਾਂ ਸਥਾਨ .................... ਬਹੁਤ ਖੁਸ਼ ਹੋਣਾ .................... ਖੁਸ਼ੀ ਨੂੰ ਸਾਥੀਆਂ ਨਾਲ਼ ਸਾਂਝੀ ਕਰਨਾ .................... ਮਾਤਾ-ਪਿਤਾ ਨੂੰ ਵੀ ਵਧਾਈ .................... ਉੱਜਲ ਭਵਿੱਖ ਦੀ ਕਾਮਨਾ .................... ) 1X6=6

10. ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ: 1X4=4



**ਨੋਟ: ਇਹ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ:-**

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਆਚਰਨ ਸਰਟੀਫਿਕੇਟ ਲੈਣ ਲਈ ਪੱਤਰ ਲਿਖੋ।

## IV. ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

### ( IV. Text Books based questions) 5+5+4+14+8+4=40

11. **ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) :**

**5X1=5**

(i) **'ਘਰ ਦਾ ਪਿਆਰ'** ਲੇਖ ਅਨੁਸਾਰ ਮੁੰਡਿਆਂ ਅਤੇ ਵਿਦਿਆਰਥੀਆਂ ਅੰਦਰ ਗ਼ੈਰ-ਜ਼ੁੰਮੇਵਾਰੀ ਵਾਲ਼ਾ ਵਤੀਰਾ ਕਿਉਂ ਪੈਦਾ ਹੋ ਜਾਂਦਾ ਹੈ ?

(A)ਪਹਾੜਾਂ 'ਤੇ ਰਹਿਣ ਕਾਰਨ

(B)ਬੋਰਡਿੰਗ ਦੀ ਰਹਿਣੀ-ਬਹਿਣੀ ਕਾਰਨ

(C)ਚੰਗੇ ਲੋਕਾਂ ਦੀ ਸੰਗਤ ਕਾਰਨ

(D)ਕਿਸੇ ਡਰ ਕਾਰਨ

(ii) **'ਬੋਲੀ'** ਲੇਖ ਵਿੱਚ ਲੇਖਕ ਨੇ ਮਹਿੰਗੀ ਤੇ ਪਿਆਰੀ ਵਿਰਾਸਤ ਕਿਸ ਨੂੰ ਆਖਿਆ ਹੈ?

(A)ਬੋਲੀ ਨੂੰ

(B)ਸੱਭਿਆਚਾਰ ਨੂੰ

(C)ਸੋਨੇ ਨੂੰ

(D)ਚਾਂਦੀ ਨੂੰ

(iii) ਚੌਧਰੀ ਚੜ੍ਹਤ ਸਿੰਘ ਨੇ ਪਿੰਡ ਦੀ ਇੱਜ਼ਤ ਬਚਾਉਣ ਲਈ ਕਿਸ ਨੂੰ ਬੇਨਤੀ ਕੀਤੀ?

(A)ਲੇਖਕ ਨੂੰ

(B)ਬਾਬਿਆਂ ਦੀ ਭੈਣ ਨੂੰ

(C)ਬਾਬੇ ਪੁਨੂੰ ਨੂੰ

(D)ਮੰਗਲ ਸਿੰਘ ਨੂੰ

(iv) **'ਕੁਲਫ਼ੀ'** ਕਹਾਣੀ ਦੇ ਲੇਖਕ ਦਾ ਨਾਮ ਦੱਸੋ।

(A)ਕੁਲਵੰਤ ਸਿੰਘ ਵਿਰਕ

(B) ਗੁਰਬਖ਼ਸ਼ ਸਿੰਘ ਪ੍ਰੀਤਲੜੀ

(C) ਵਰਿਆਮ ਸਿੰਘ ਸੰਧੂ

(D) ਸੁਜਾਨ ਸਿੰਘ

(v) ਕਰਮ ਸਿੰਘ ਦਾ ਪਿੰਡ ਕਿਹੜਾ ਸੀ ?

(A) ਠੱਠੀ-ਖਾਰਾ

(B) ਅੰਮ੍ਰਿਤਸਰ

(C) ਚੂਹੜਕਾਣਾ

(D) ਕੰਗਣੀਵਾਲ

(vi) ਕਰਤਾਰ ਸਿੰਘ ਦੇ ਸਿਰ ਸੁਸਾਇਟੀ ਦਾ ਕਿੰਨਾ ਕਰਜ਼ਾ ਸੀ ?

(A)ਪੌਣੇ ਸੋਲਾਂ ਸੌ ਰੁਪਏ

(B) ਸਵਾ ਸੋਲਾਂ ਸੌ ਰੁਪਏ

(C) ਸਾਢੇ ਸੋਲਾਂ ਸੌ ਰੁਪਏ

(D)ਪੂਰੇ ਸੋਲਾਂ ਸੌ ਰੁਪਏ

## 12. ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) :

**5X1=5**

(i) ਸੋ ਕਿਉ ਮੰਦਾ ਆਖੀਐ' ਬਾਣੀ ਕਿਸ ਗੁਰੂ ਸਾਹਿਬ ਦੀ ਰਚਨਾ ਹੈ ?

(A) ਸ੍ਰੀ ਗੁਰੂ ਅੰਗਦ ਦੇਵ ਜੀ

(B) ਸ੍ਰੀ ਗੁਰੂ ਨਾਨਕ ਦੇਵ ਜੀ

(C) ਸ੍ਰੀ ਗੁਰੂ ਅਮਰਦਾਸ ਜੀ

(D) ਸ੍ਰੀ ਗੁਰੂ ਅਰਜਨ ਦੇਵ ਜੀ

(ii) 'ਸੋ ਕਿਉ ਮੰਦਾ ਆਖੀਐ' ਬਾਣੀ ਵਿਚ ਗੁਰੂ ਸਾਹਿਬ ਨੇ ਇਸਤਰੀ ਤੋਂ ਬਿਨਾਂ ਕੇਵਲ ਕਿਸ ਦੀ ਹੋਂਦ ਸਵੀਕਾਰ ਕੀਤੀ ਗਈ ਹੈ ?

(A) ਮਨੁੱਖ ਦੀ

(B) ਇਸਤਰੀ ਦੀ

(C) ਪਰਮਾਤਮਾ ਦੀ

(D) ਉਪਰੋਕਤ ਵਿੱਚੋਂ ਕੋਈ ਨਹੀਂ

(iii) "ਕਿਰਪਾ ਕਰਿ ਕੈ ਬਖਸਿ ਲੈਹੁ" ਬਾਣੀ ਵਿਚ 'ਖਤੇ' ਸ਼ਬਦ ਦਾ ਕੀ ਅਰਥ ਹੈ ?

(A) ਖ਼ਤ

(B) ਭੁੱਲ

(C) ਕਮਾਈ

(D) ਲੇਖਾ

(iv) 'ਦੂਜਾ ਵਿਆਹ' ਇਕਾਂਗੀ ਕਿਸ ਦਾ ਲਿਖਿਆ ਹੋਇਆ ਹੈ ?

(A)ਪਾਂਧੀ ਨਨਕਾਣਵੀ

(B) ਸੰਤ ਸਿੰਘ ਸੇਖੋਂ

(C) ਕਪੂਰ ਸਿੰਘ ਘੁੰਮਣ

(D) ਪਾਲੀ ਭੁਪਿੰਦਰ

(v) ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਕਿਸ ਥਾਂ 'ਤੇ ਮਿਲਣਾ ਚਾਹੁੰਦੇ ਸਨ ?

(A) ਦੀਨਾ ਕਾਂਗੜ

(B) ਮੋਰਿੰਡਾ

(C) ਆਨੰਦਪੁਰ ਸਾਹਿਬ

(D) ਇਹਨਾਂ ਵਿਚੋਂ ਕੋਈ ਨਹੀਂ

(vi) ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਦੁਆਰਾ ਲਿਖਿਆ ਗਿਆ ?

(A) ਗੁਰੂ ਅਰਜਨ ਦੇਵ ਜੀ

(B) ਗੁਰੂ ਹਰਿਗੋਬਿੰਦ ਸਾਹਿਬ ਜੀ

(C) ਗੁਰੂ ਤੇਗ਼ ਬਹਾਦਰ ਜੀ

(D) ਗੁਰੂ ਗੋਬਿੰਦ ਸਿੰਘ ਜੀ

## 13.ਕਹਾਣੀ ਤੇ ਵਾਰਤਕ ਵਿੱਚੋਂ ( ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) :

**4X1=4**

(i) 'ਮੇਰੇ ਵੱਡੇ-ਵਡੇਰੇ' ਲੇਖ ਦੇ ਲੇਖਕ ਦੇ ਦਾਦੇ ਦੇ ਭਰਾ ਕਿਹੋ-ਜਿਹੇ ਸਨ ?

(ii) ਅਣਬੋਲਿਆ ਮਨੁੱਖ ਕਿਸ ਦੇ ਸਮਾਨ ਹੈ ?

(iii) ਕਥੱਕੜ ਸ਼ਬਦ ਦਾ ਕੀ ਅਰਥ ਹੈ?

(iv) ਕਾਕਾ ਸੁੱਤਾ ਪਿਆ ਕੀ ਬੁੜਬੁੜਾ ਰਿਹਾ ਸੀ ?

(v) ਮਾਨ ਸਿੰਘ ਕਿੱਥੇ ਜਾ ਰਿਹਾ ਸੀ ?

## 14. ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) :

**7X2=14**

(i) 'ਅੰਗ-ਸੰਗ' ਕਹਾਣੀ ਵਿੱਚ ਸੁਸਾਇਟੀ ਦੇ ਇਨਸਪੈੱਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ?

(ii) ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਕਿਉਂ ਕਰਦਾ ਹੈ ? 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਦੱਸੋ ।

(iii) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਤੇ ਕਿਉਂ ?

(iv) ਮਨਜੀਤ ਦੀ ਸੱਸ ਉਸ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਰਹਿੰਦੀ ਹੈ ?

(v) ਔਰੰਗਜ਼ੇਬ ਕੋਲ਼ 'ਜ਼ਫ਼ਰਨਾਮਾ' ਕੌਣ ਲੈ ਕੇ ਗਿਆ ਸੀ ?

(vi) 'ਤੁਰਨ ਦਾ ਹੁਨਰ' ਪਾਠ ਅਨੁਸਾਰ ਕਿਹੜੇ ਲੋਕ ਤਰਸ ਦੇ ਪਾਤਰ ਹੁੰਦੇ ਹਨ ਅਤੇ ਕਿਉਂ?

(vii) ਲੇਖਕ ਅਨੁਸਾਰ ਮਨੁੱਖ ਦਾ ਆਚਰਨ ਬਣਾਉਣ ਵਿੱਚ ਘਰ ਦੀ ਕੀ ਭੂਮਿਕਾ ਹੈ ?

(viii) ਲੇਖਕ ਨੇ ਬੇਭਾਗ ਲੋਕ ਕਿਨ੍ਹਾਂ ਨੂੰ ਆਖਿਆ ਹੈ ਅਤੇ ਕਿਉਂ ?

15. **ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) :**

**2X4=8**

(i) ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ 'ਤੇ ਧੁੰਦ ਦੇ ਖ਼ਤਮ ਹੋ ਜਾਣ, ਚਾਨਣ ਹੋ ਜਾਣ ਅਤੇ ਤਾਰੇ ਛੁਪਣ ਤੋਂ ਕੀ ਭਾਵ ਹੈ ?

ਜਾਂ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ' ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਅਨੁਸਾਰ ਪਰਮਾਤਮਾ ਦਾ ਨਾਮ ਸਿਮਰਨ ਨਾਲ਼ ਕੀ ਲਾਭ ਹੁੰਦਾ ਹੈ ?

(ii) ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ ?

ਜਾਂ

ਔਸਕਰ ਵਾਇਲਡ ਨੇ ਅਰਦਾਸ ਦੇ ਉੱਤਰ ਬਾਰੇ ਕੀ ਲਿਖਿਆ ਹੈ ?

16. **ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 1X4=4**

(i) ਅਸ਼ੋਕ ਅਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਕੀਤੀਆਂ ? 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦੱਸੋ ।

(ii) ਮਨਜੀਤ ਕੌਰ ਦਾ ਸੁਭਾਅ ਕਿਹੋ ਜਿਹਾ ਹੈ ? 'ਦੂਜਾ ਵਿਆਹ' ਇਕਾਂਗੀ ਦੇ ਆਧਾਰ 'ਤੇ ਦੱਸੋ ।